# 2027-2030 ਕੈਪੀਟਲ ਪਲਾਨ (ਪੂੰਜੀ ਯੋਜਨਾ)

## ਕੈਪੀਟਲ ਪਲਾਨ ਕੀ ਹੈ?

ਵੈਨਕੂਵਰ ਸਿਟੀ ਕੌਂਸਲ ਨੇ ਡਰਾਫਟ 2027–2030 ਕੈਪੀਟਲ ਪਲਾਨ ਤਿਆਰ ਕਰਨ ਵਾਸਤੇ ਜਾਣਕਾਰੀ ਦੇਣ ਲਈ ਨਿਰਦੇਸ਼ ਮੁਹੱਈਆ ਕੀਤੇ। ਇਸ ਵਿੱਚ ਸੜਕਾਂ ਅਤੇ ਫੁੱਟਪਾਥਾਂ ਵਿੱਚ $104 ਮਿਲੀਅਨ ਅਤੇ ਪੂਰੇ ਸ਼ਹਿਰ ਵਿੱਚ ਭਾਈਚਾਰਕ ਮਨੋਰੰਜਨ ਸਹੂਲਤਾਂ ਲਈ $400 ਮਿਲੀਅਨ ਦੇ ਮਹੱਤਵਪੂਰਨ, ਵਧਾਏ ਗਏ ਨਿਵੇਸ਼ ਸ਼ਾਮਲ ਹਨ।


ਕੈਪੀਟਲ ਪਲਾਨ ਇੱਕ ਚਾਰ-ਸਾਲਾ ਨਿਵੇਸ਼ ਯੋਜਨਾ ਹੈ ਜੋ ਬੁਨਿਆਦੀ ਢਾਂਚੇ ਅਤੇ ਉਹਨਾਂ ਸਹੂਲਤਾਂ ਨੂੰ ਬਣਾਏ ਰੱਖਣ, ਨਵਿਆਉਣ ਅਤੇ ਸੁਧਾਰਨ ਵਿੱਚ ਮਦਦ ਕਰਦੀ ਹੈ ਜਿਨ੍ਹਾਂ 'ਤੇ ਲੋਕ ਹਰ ਰੋਜ਼ ਨਿਰਭਰ ਕਰਦੇ ਹਨ। ਇਸ ਵਿੱਚ ਪਾਰਕ, ਸੜਕਾਂ ਅਤੇ ਸਾਈਡਵਾਕ, ਪਾਣੀ ਅਤੇ ਸੀਵਰ ਸਿਸਟਮ, ਕਮਿਊਨਿਟੀ ਸੈਂਟਰ, ਲਾਇਬ੍ਰੇਰੀਆਂ, ਜਨਤਕ ਸੁਰੱਖਿਆ ਸਹੂਲਤਾਂ ਅਤੇ ਹੋਰ ਨਾਗਰਿਕ ਬੁਨਿਆਦੀ ਢਾਂਚਾ ਸ਼ਾਮਲ ਹੈ।

ਇਹ ਨਿਵੇਸ਼ ਵੈਨਕੂਵਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਦਦ ਕਰਦੇ ਹਨ ਅਤੇ ਸ਼ਹਿਰ ਭਰ ਵਿੱਚ ਜੀਵਨ ਦੀ ਗੁਣਵੱਤਾ ਦਾ ਸਮਰਥਨ ਕਰਦੇ ਹਨ — ਜਿਸ ਵਿੱਚ ਸ਼ਾਮਲ ਹੈ ਕਿ ਲੋਕ ਕਿਵੇਂ ਇੱਧਰ-ਉੱਧਰ ਜਾਂਦੇ ਹਨ, ਸੇਵਾਵਾਂ ਤੱਕ ਪਹੁੰਚ ਕਰਦੇ ਹਨ, ਭਾਈਚਾਰੇ ਨਾਲ ਜੁੜਦੇ ਹਨ, ਜਨਤਕ ਸਥਾਨਾਂ ਦਾ ਆਨੰਦ ਮਾਣਦੇ ਹਨ ਅਤੇ ਜ਼ਰੂਰੀ ਸੇਵਾਵਾਂ ਪ੍ਰਾਪਤ ਕਰਦੇ ਹਨ।

ਕੈਪੀਟਲ ਪਲਾਨ ਫੰਡਿੰਗ ਦਾ ਇੱਕ ਵੱਡਾ ਹਿੱਸਾ ਮੌਜੂਦਾ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੀ ਸਾਂਭ-ਸੰਭਾਲ ਅਤੇ ਉਹਨਾਂ ਨੂੰ ਨਵਿਆਉਣ ਲਈ ਵਰਤਿਆ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਸੁਰੱਖਿਅਤ, ਭਰੋਸੇਮੰਦ ਅਤੇ ਚੰਗੀ ਸਥਿਤੀ ਵਿੱਚ ਰੱਖਿਆ ਜਾ ਸਕੇ। ਵਧੀਕ ਨਿਵੇਸ਼ ਭਵਿੱਖ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦਾ ਸਮਰਥਨ ਕਰਦੇ ਹਨ ਜੋ ਵੱਧ ਰਹੇ ਸ਼ਹਿਰ ਅਤੇ ਆਬਾਦੀ ਨੂੰ ਸੇਵਾ ਦੇਣ ਲਈ ਜ਼ਰੂਰੀ ਹਨ।

## 2027-2030 ਕੈਪੀਟਲ ਪਲਾਨ ਦੇ ਧਿਆਨ ਦਾ ਕੇਂਦਰ ਕੀ ਹੈ?

2027-2030 ਕੈਪੀਟਲ ਪਲਾਨ ਦਾ ਧਿਆਨ ਪੁਰਾਣੇ ਬੁਨਿਆਦੀ ਢਾਂਚੇ ਨੂੰ ਨਵਿਆਉਣ, ਜ਼ਰੂਰੀ ਸੇਵਾਵਾਂ ਨੂੰ ਬਣਾਏ ਰੱਖਣ, ਭਾਈਚਾਰੇ ਨੂੰ ਸੇਵਾ ਦੇਣ ਵਾਲੀਆਂ ਸੰਪਤੀਆਂ ਨੂੰ ਆਧੁਨਿਕ ਬਣਾਉਣ, ਅਤੇ ਭਵਿੱਖ ਦੇ ਉਹਨਾਂ ਪਰੋਜੈਕਟਾਂ ਲਈ ਯੋਜਨਾਬੰਦੀ ਅਤੇ ਡਿਜ਼ਾਈਨ ਦੇ ਕੰਮ ਨੂੰ ਅੱਗੇ ਵਧਾਉਣ 'ਤੇ ਕੇਂਦਰਿਤ ਹੋਵੇਗਾ ਜਿਨ੍ਹਾਂ ਨੂੰ ਭਵਿੱਖ ਦੀਆਂ ਪੂੰਜੀ ਯੋਜਨਾਵਾਂ ਵਿੱਚ ਪੂਰਾ ਕੀਤੇ ਜਾਣ ਦੀ ਉਮੀਦ ਹੈ।




## ਕੈਪੀਟਲ ਪਲਾਨ ਲਈ ਫੰਡ ਕਿਵੇਂ ਦਿੱਤਾ ਜਾਂਦਾ ਹੈ?

**ਕੈਪੀਟਲ ਪਲਾਨ ਲਈ ਫੰਡ ਦੇ ਤਿੰਨ ਸਰੋਤ ਹਨ:**

1. **75% - ਸਿਟੀ ਦੇ ਯੋਗਦਾਨ**, ਜਿਵੇਂ ਕਿ ਪ੍ਰਾਪਰਟੀ ਟੈਕਸ ਅਤੇ ਫ਼ੀਸਾਂ, ਜੋ ਪੁਰਾਣੇ ਹੋ ਰਹੇ ਬੁਨਿਆਦੀ ਢਾਂਚੇ ਨੂੰ ਨਵਿਆਉਣ ਵੱਲ ਨਿਰਦੇਸ਼ਿਤ ਹਨ (ਉਦਾਹਰਨ ਲਈ, ਮਨੋਰੰਜਨ ਸਹੂਲਤਾਂ, ਪਾਣੀ ਅਤੇ ਸੀਵਰ, ਪੁਲ)
2. **20% - ਵਿਕਾਸ ਸੰਬੰਧੀ ਯੋਗਦਾਨ** ਜੋ ਬੁਨਿਆਦੀ ਢਾਂਚੇ, ਪਾਰਕਾਂ ਅਤੇ ਆਵਾਜਾਈ ਨੈੱਟਵਰਕਾਂ ਵਰਗੇ ਭਾਈਚਾਰਕ ਲਾਭਾਂ ਨੂੰ ਫੰਡ ਦੇਣ ਵਿੱਚ ਮਦਦ ਲਈ ਵਿਕਾਸ ਪਰੋਜੈਕਟਾਂ ਦੁਆਰਾ ਅਦਾ ਕੀਤੇ ਜਾਂਦੇ ਹਨ। ਉਹ ਨਗਦੀ ਵਿੱਚ ਪ੍ਰਦਾਨ ਕੀਤੇ ਜਾ ਸਕਦੇ ਹਨ, ਜਾਂ ਵਸਤੂ-ਰੂਪ ਵਿੱਚ ਪ੍ਰਦਾਨ ਕੀਤੇ ਜਾ ਸਕਦੇ ਹਨ, ਮਤਲਬ ਕਿ ਪਰੋਜੈਕਟ ਦੇ ਹਿੱਸੇ ਵਜੋਂ ਸੁਵਿਧਾਵਾਂ ਬਣਾਈਆਂ ਜਾਂਦੀਆਂ ਹਨ। ਵਿਕਾਸ ਵਿੱਚ ਯੋਗਦਾਨ ਉਹਨਾਂ ਸਾਧਨਾਂ ਵਿੱਚੋਂ ਇੱਕ ਹਨ ਜਿਨ੍ਹਾਂ ਨੂੰ ਸਿਟੀ ਨਵੇਂ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਵਰਤਦਾ ਹੈ। ਸਿਟੀ ਵਰਤਮਾਨ ਵਿੱਚ 2026 ਫਾਇਨਾਂਸਿੰਗ ਗਰੋਥ ਅੱਪਡੇਟ (ਫਾਇਨਾਂਸ ਸੰਬੰਧੀ ਵਾਧੇ ਬਾਰੇ ਅੱਪਡੇਟ) ਦੇ ਹਿੱਸੇ ਵਜੋਂ ਇਹਨਾਂ ਸਾਧਨਾਂ ਨੂੰ ਅੱਪਡੇਟ ਕਰ ਰਿਹਾ ਹੈ। **vancouver.ca/home-property-development/2026-financing-growth-update.aspx**
3. **5% - ਭਾਈਵਾਲਾਂ ਦੇ ਯੋਗਦਾਨ** (ਉਦਾਹਰਨ ਲਈ, ਸੰਘੀ ਸਰਕਾਰ, ਸੂਬਾਈ ਸਰਕਾਰ, ਬੀਸੀ ਹਾਊਸਿੰਗ, ਮੈਟਰੋ ਵੈਨਕੂਵਰ, ਟ੍ਰਾਂਸਲਿੰਕ) ਜੋ ਕੁਝ ਪਰੋਜੈਕਟਾਂ, ਜਿਵੇਂ ਕਿ ਸੜਕਾਂ, ਅਤੇ ਕਮਿਊਨਿਟੀ ਸੈਂਟਰਾਂ ਦੀ ਲਾਗਤ ਨੂੰ ਸਾਂਝਾ ਕਰਨ ਵਿੱਚ ਮਦਦ ਕਰਦੇ ਹਨ

## ਬੁਨਿਆਦੀ ਢਾਂਚੇ ਲਈ ਫੰਡਾਂ ਵਿੱਚ ਕਮੀ

ਜਿਵੇਂ-ਜਿਵੇਂ ਸਿਟੀ ਦਾ ਬੁਨਿਆਦੀ ਢਾਂਚਾ ਪੁਰਾਣਾ ਹੁੰਦਾ ਹੈ, ਸੰਪਤੀਆਂ ਨੂੰ ਨਵਿਆਉਣ ਅਤੇ ਚੰਗੀ ਕੰਮਕਾਜੀ ਸਥਿਤੀ ਵਿੱਚ ਰੱਖਣ ਲਈ ਨਿਰੰਤਰ ਨਿਵੇਸ਼ ਦੀ ਲੋੜ ਹੁੰਦੀ ਹੈ। ਹਾਲਾਂਕਿ, ਸਿਟੀ ਨੂੰ ਬੁਨਿਆਦੀ ਢਾਂਚੇ ਲਈ ਵੱਧ ਰਹੀ ਫੰਡਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮਤਲਬ ਕਿ ਸਾਰੇ ਬੁਨਿਆਦੀ ਢਾਂਚੇ – ਜਿਵੇਂ ਕਿ ਪਾਰਕਾਂ, ਸੜਕਾਂ, ਅਤੇ ਭਾਈਚਾਰਕ ਸਹੂਲਤਾਂ – ਨੂੰ ਚੰਗੀ ਕੰਮਕਾਜੀ ਸਥਿਤੀ ਵਿੱਚ ਬਣਾਏ ਰੱਖਣ ਲਈ ਲੋੜੀਂਦੇ ਫੰਡ ਉਪਲਬਧ ਨਹੀਂ ਹਨ।

ਬੁਨਿਆਦੀ ਢਾਂਚੇ ਦੀ **ਸਾਂਭ-ਸੰਭਾਲ** ਲਈ ਜ਼ਿਆਦਾਤਰ ਫੰਡਿੰਗ ਪ੍ਰਾਪਰਟੀ ਟੈਕਸ ਅਤੇ ਯੂਟਿਲਿਟੀ ਫ਼ੀਸਾਂ ਤੋਂ ਆਉਂਦੀ ਹੈ। ਜਦੋਂ ਕਿ ਸੰਪਤੀਆਂ ਨੂੰ ਚੰਗੀ ਕੰਮਕਾਜੀ ਸਥਿਤੀ ਵਿੱਚ ਰੱਖਣ ਲਈ ਲੋੜੀਂਦੇ ਨਿਵੇਸ਼ ਦਾ ਪੱਧਰ ਪ੍ਰਤੀ ਸਾਲ ਅੰਦਾਜ਼ਨ $800 ਮਿਲੀਅਨ ਹੈ, ਪ੍ਰਾਪਰਟੀ ਟੈਕਸ ਅਤੇ ਯੂਟਿਲਿਟੀ ਫ਼ੀਸਾਂ ਦੁਆਰਾ ਮੁਹੱਈਆ ਕੀਤੀ ਜਾਂਦੀ ਰਕਮ ਲਗਭਗ $300 ਮਿਲੀਅਨ ਹੈ। ਇਸ ਨਾਲ ਬੁਨਿਆਦੀ ਢਾਂਚੇ ਵਿੱਚ ਅੰਦਾਜ਼ਨ ਪ੍ਰਤੀ ਸਾਲ $500 ਮਿਲੀਅਨ ਦੀ ਕਮੀ ਰਹਿ ਜਾਂਦੀ ਹੈ



ਸੰਪਤੀਆਂ ਨੂੰ ਚੰਗੀ ਕੰਮਕਾਜੀ ਸਥਿਤੀ ਵਿੱਚ ਬਣਾਏ ਰੱਖਣ ਲਈ ਲੋੜੀਂਦੇ ਨਿਵੇਸ਼:
**~$800 ਮਿਲੀਅਨ ਪ੍ਰਤੀ ਸਾਲ**

–



ਸਲਾਨਾ ਫੰਡਿੰਗ ਉਪਲਬਧ:
**~$300 ਮਿਲੀਅਨ ਪ੍ਰਤੀ ਸਾਲ**

=



ਬੁਨਿਆਦੀ ਢਾਂਚੇ ਵਿੱਚ ਕਮੀ:
**~$500 ਮਿਲੀਅਨ ਪ੍ਰਤੀ ਸਾਲ**

## ਕੈਪੀਟਲ ਪਲਾਨ ਸਾਲਾਨਾ ਬਜਟ ਤੋਂ ਕਿਵੇਂ ਵੱਖਰਾ ਹੈ?

ਸਿਟੀ ਦੋ ਮੁੱਖ ਪ੍ਰਕਿਰਿਆਵਾਂ ਰਾਹੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀ ਯੋਜਨਾ ਬਣਾਉਂਦਾ ਹੈ ਅਤੇ ਉਹਨਾਂ ਵਿੱਚ ਨਿਵੇਸ਼ ਕਰਦਾ ਹੈ: ਕੈਪੀਟਲ ਪਲਾਨ ਅਤੇ ਸਾਲਾਨਾ ਬਜਟ। ਜਦੋਂ ਕਿ ਇਹ ਨਜ਼ਦੀਕੀ ਨਾਲ ਜੁੜੇ ਹੋਏ ਹਨ, ਇਹ ਵੱਖ-ਵੱਖ ਉਦੇਸ਼ਾਂ ਨੂੰ ਪੂਰਾ ਕਰਦੇ ਹਨ।

| 2027-2030 ਕੈਪੀਟਲ ਪਲਾਨ (ਪੂੰਜੀ ਯੋਜਨਾ) | ਸਲਾਨਾ ਬਜਟ |
|---|---|
| ਸਿਟੀ **ਹਰ ਚਾਰ ਸਾਲਾਂ ਬਾਅਦ** ਪੂੰਜੀ ਯੋਜਨਾ ਬਣਾਉਂਦਾ ਹੈ। | ਸਿਟੀ **ਹਰ ਸਾਲ** ਸਾਲਾਨਾ ਬਜਟ ਬਣਾਉਂਦਾ ਹੈ। |
| ਪੂੰਜੀ ਯੋਜਨਾ ਵਿੱਚ ਚਾਰ ਸਾਲਾਂ ਦੀ ਮਿਆਦ ਵਿੱਚ ਪ੍ਰਦਾਨ ਕੀਤੇ ਜਾਣ ਵਾਲੇ **ਪ੍ਰੋਗਰਾਮਾਂ ਦੀਆਂ ਤਰਜੀਹਾਂ** ਅਤੇ **ਖਾਸ ਪ੍ਰੋਜੈਕਟਾਂ** ਦੀ ਪਛਾਣ ਕੀਤੀ ਜਾਂਦੀ ਹੈ। | ਸਲਾਨਾ ਬਜਟ ਖਾਸ ਤੌਰ 'ਤੇ ਇਹਨਾਂ ਗੱਲਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ:<br>• **ਸੰਚਾਲਨ ਬਜਟ**, ਜੋ ਨਿਵਾਸੀਆਂ ਨੂੰ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦੇ ਦਿਨ-ਪ੍ਰਤੀ-ਦਿਨ ਦੇ ਖਰਚਿਆਂ ਨੂੰ ਕਵਰ ਕਰਦਾ ਹੈ।<br>• **ਪੂੰਜੀ ਬਜਟ**, ਜੋ ਇਹ ਨਿਯਤ ਕਰਦਾ ਹੈ ਕਿ ਉਸ ਸਾਲ ਵਿੱਚ ਪੂੰਜੀ ਯੋਜਨਾ ਪ੍ਰੋਜੈਕਟ ਕਿਵੇਂ ਪ੍ਰਦਾਨ ਕੀਤੇ ਜਾਣਗੇ ਅਤੇ ਉਹਨਾਂ ਨੂੰ ਕਿਵੇਂ ਫੰਡ ਦਿੱਤਾ ਜਾਵੇਗਾ। |

## ਪ੍ਰੋਜੈਕਟ ਦੀ ਸਮਾਂ-ਰੇਖਾ

**ਅਪ੍ਰੈਲ**
ਸਟਾਫ਼ 2027-2030 ਕੈਪੀਟਲ ਪਲਾਨ ਦੀ ਪਹੁੰਚ ਬਾਰੇ ਕੌਂਸਲ ਨਾਲ ਜਾਣਕਾਰੀ ਸਾਂਝੀ ਕਰਦਾ ਹੈ

**ਅਪ੍ਰੈਲ 22**
2027-2030 ਕੈਪੀਟਲ ਪਲਾਨ ਬਾਰੇ ਕੌਂਸਲ ਦਾ ਨਿਰਦੇਸ਼ ਪ੍ਰਾਪਤ ਹੁੰਦਾ ਹੈ

**ਮਈ 22 – ਜੂਨ 7**
ਜਨਤਕ ਸ਼ਮੂਲੀਅਤ

**ਜੁਲਾਈ 10**
ਡਰਾਫਟ 2027–2030 ਕੈਪੀਟਲ ਪਲਾਨ ਅਤੇ ਸ਼ਮੂਲੀਅਤ ਦੇ ਨਤੀਜੇ ਜਨਤਕ ਕੀਤੇ ਜਾਂਦੇ ਹਨ

**ਜੁਲਾਈ 28**
ਕੌਂਸਲ 2027-2030 ਕੈਪੀਟਲ ਪਲਾਨ 'ਤੇ ਵੋਟ ਪਾਉਂਦੀ ਹੈ

**ਅਕਤੂਬਰ 16**
2027-2030 ਕੈਪੀਟਲ ਪਲਾਨ ਕਰਜ਼ਾ ਲੈਣ ਬਾਰੇ ਸਵਾਲਾਂ ਲਈ ਰਾਏਸ਼ੁਮਾਰੀ (ਸਥਾਨਕ ਚੋਣਾਂ ਦੇ ਨਾਲ)

## ਕੈਪੀਟਲ ਪਲਾਨ ਦੀਆਂ ਸ਼੍ਰੇਣੀਆਂ:

ਕੈਪੀਟਲ ਪਲਾਨ ਵਿੱਚ ਹੇਠਾਂ ਦਿੱਤੀਆਂ ਸ਼੍ਰੇਣੀਆਂ ਦੇ ਅੰਦਰ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਸ਼ਾਮਲ ਹਨ। ਤਰਜੀਹਾਂ ਬਾਰੇ ਕੌਂਸਲ ਦੇ ਨਿਰਦੇਸ਼ ਨੂੰ ਡਰਾਫਟ 2027-2030 ਕੈਪੀਟਲ ਪਲਾਨ ਵਿੱਚ ਸ਼ਾਮਲ ਸੇਵਾਵਾਂ ਨੂੰ ਸੇਧ ਦੇਣ ਅਤੇ ਇਕਸਾਰ ਕਰਨ ਲਈ ਵਰਤਿਆ ਜਾਵੇਗਾ।

**ਭਾਈਚਾਰੇ ਨੂੰ ਸੇਵਾ ਦੇਣ ਵਾਲੀਆਂ ਸੰਪਤੀਆਂ –** ਸੰਪਤੀਆਂ ਜੋ ਭਾਈਚਾਰਿਆਂ ਦੇ ਅੰਦਰ ਰੋਜ਼ਾਨਾ ਜੀਵਨ, ਸਮਾਜਿਕ ਸੰਬੰਧ, ਗਤੀਸ਼ੀਲਤਾ, ਅਤੇ ਸੱਭਿਆਚਾਰਕ ਪਰ੍ਗਟਾਵੇ ਦਾ ਸਿੱਧਾ ਸਮਰਥਨ ਕਰਨ ਵਾਲੀਆਂ ਥਾਵਾਂ, ਸੇਵਾਵਾਂ ਅਤੇ ਸਹੂਲਤਾਂ ਮੁਹੱਈਆ ਕਰਦੀਆਂ ਹਨ। ਇਸ ਵਿੱਚ ਇਹਨਾਂ ਚੀਜ਼ਾਂ ਵਿੱਚ ਨਿਵੇਸ਼ ਸ਼ਾਮਲ ਹੈ:

**ਪਾਰਕ ਅਤੇ ਜਨਤਕ ਖੁੱਲਹ੍ੀਆਂ ਥਾਵਾਂ:** ਕੁਝ ਉਦਾਹਰਨਾਂ ਵਿੱਚ ਸਮੁੰਦਰੀ ਕੰਧ (ਸੀਵਾਲ), ਸਪੋਰਟਸ ਕੋਰਟ ਅਤੇ ਫੀਲਡ, ਖੇਡ ਦੇ ਮੈਦਾਨ, ਕੁੱਤਿਆਂ ਲਈ ਪਾਰਕ, ਗੋਲਫ ਕੋਰਸ, ਫੀਲਡ ਹਾਊਸ ਅਤੇ ਪਾਰਕ ਵਾਸ਼ਰੂਮ ਸ਼ਾਮਲ ਹਨ।

**ਕਲਾ, ਸੱਭਿਆਚਾਰ ਅਤੇ ਵਿਰਾਸਤ:** ਸੱਭਿਆਚਾਰਕ ਕੇਂਦਰ, ਮਨੋਰੰਜਨ ਅਤੇ ਪਰ੍ਦਰਸ਼ਨੀ ਕੇਂਦਰ , ਥਿਏਟਰ, ਪਰ੍ਦਰਸ਼ਨ ਸਥਾਨ, ਅਤੇ ਜਨਤਕ ਕਲਾ।

**ਭਾਈਚਾਰਕ ਸਥਾਨ:** ਲਾਇਬਰ੍ੇਰੀਆਂ, ਅਤੇ ਮਨੋਰੰਜਨ ਅਤੇ ਸਮਾਜਿਕ ਕੇਂਦਰ ਜਿਨਹ੍ਾਂ ਵਿੱਚ ਕਮਿਊਨਿਟੀ ਸੈਂਟਰ, ਮਨੋਰੰਜਨ ਕੇਂਦਰ, ਪੂਲ, ਰਿੰਕਸ, ਨੇਬਰਹੁੱਡ ਹਾਊਸ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

**ਆਵਾਜਾਈ ਅਤੇ ਸੜਕ ਦੀ ਵਰਤੋਂ:** ਬੁਨਿਆਦੀ ਢਾਂਚਾ ਜੋ ਸ਼ਹਿਰ ਵਿੱਚ ਇਧਰ-ਉਧਰ ਜਾਣ ਅਤੇ ਇਕੱਠੇ ਹੋਣ ਦਾ ਸਮਰਥਨ ਕਰਦਾ ਹੈ। ਉਦਾਹਰਨਾਂ ਵਿੱਚ ਸੜਕਾਂ, ਸਾਈਡਵਾਕ, ਬਾਈਕਵੇਅ, ਸਟਰ੍ੀਟਲਾਈਟਾਂ ਅਤੇ ਪਲਾਜ਼ਾ ਸ਼ਾਮਲ ਹਨ।

**ਸਿਟੀ ਦਾ ਲੋੜੀਂਦਾ ਬੁਨਿਆਦੀ ਢਾਂਚਾ –** ਮੁੱਖ ਪਰ੍ਣਾਲੀਆਂ, ਸਥਾਨ ਅਤੇ ਸੇਵਾਵਾਂ ਜੋ ਉਪਯੋਗਤਾਵਾਂ, ਊਰਜਾ, ਜਨਤਕ ਸੁਰੱਖਿਆ, ਅਤੇ ਨਾਗਰਿਕ ਕਾਰਜਾਂ ਸਮੇਤ ਸ਼ਹਿਰ ਦੇ ਸੁਰੱਖਿਅਤ, ਭਰੋਸੇਮੰਦ ਸੰਚਾਲਨ ਨੂੰ ਸਮਰੱਥ ਬਣਾਉਂਦੀਆਂ ਹਨ।

**ਪਾਣੀ, ਸੀਵਰੇਜ ਅਤੇ ਡਰ੍ੇਨੇਜ:** ਬੁਨਿਆਦੀ ਢਾਂਚਾ ਜੋ ਪੀਣ ਵਾਲੇ ਪਾਣੀ ਦੀ ਸਪਲਾਈ, ਗੰਦੇ ਪਾਣੀ ਅਤੇ ਮੀਂਹ ਦੇ ਪਾਣੀ ਦੇ ਪਰ੍ਬੰਧਨ ਵਿੱਚ ਮਦਦ ਕਰਦਾ ਹੈ। ਉਦਾਹਰਨਾਂ ਵਿੱਚ ਪਾਣੀ ਅਤੇ ਸੀਵਰ ਪਾਈਪ, ਪੰਪ ਸਟੇਸ਼ਨ, ਕੈਚ ਬੇਸਿਨ ਅਤੇ ਵਾਤਾਵਰਣ ਲਈ ਚੰਗੇ ਮੀਂਹ ਦੇ ਪਾਣੀ ਦੇ ਬੁਨਿਆਦੀ ਢਾਂਚੇ ਸ਼ਾਮਲ ਹਨ।

**ਕੂੜਾ ਇਕੱਠਾ ਕਰਨਾ, ਡਾਇਵਰਸ਼ਨ (ਹੋਰ ਉਪਯੋਗ), ਅਤੇ ਨਿਪਟਾਰਾ:** ਸਥਾਨ, ਵਾਹਨ, ਅਤੇ ਉਪਕਰਨ ਜੋ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਅਸੀ ਕੂੜਾ, ਜੈਵਿਕ ਪਦਾਰਥ, ਜ਼ੀਰੋ ਵੇਸਟ ਸਹੂਲਤਾਂ ਅਤੇ ਲੈਂਡਫਿਲ ਦਾ ਪਰ੍ਬੰਧਨ ਕਿਵੇਂ ਕਰਦੇ ਹਾਂ। ਉਦਾਹਰਨਾਂ ਵਿੱਚ ਰਿਹਾਇਸ਼ੀ ਕੂੜਾ ਇਕੱਠਾ ਕਰਨ ਵਾਲੇ ਟਰੱਕ, ਰੀਸਾਈਕਲਿੰਗ ਕੇਂਦਰ, ਅਤੇ ਟਰ੍ਾਂਸਫਰ ਸਟੇਸ਼ਨ ਸ਼ਾਮਲ ਹਨ।

**ਨਵਿਆਉਣਯੋਗ ਊਰਜਾ:** ਬੁਨਿਆਦੀ ਢਾਂਚਾ ਜੋ ਨਵਿਆਉਣਯੋਗ ਊਰਜਾ ਦੀ ਸਪਲਾਈ ਅਤੇ ਵਰਤੋਂ ਦਾ ਸਮਰਥਨ ਕਰਦਾ ਹੈ। ਇਸ ਵਿੱਚ ਫਾਲਸ ਕਰ੍ੀਕ ਨੇਬਰਹੁੱਡ ਐਨਰਜੀ ਯੂਟਿਲਿਟੀ ਸ਼ਾਮਲ ਹੈ, ਜੋ ਇਮਾਰਤਾਂ ਨੂੰ ਸਪੇਸ ਹੀਟਿੰਗ ਅਤੇ ਗਰਮ ਪਾਣੀ ਪਰ੍ਦਾਨ ਕਰਨ ਲਈ ਸੀਵਰੇਜ ਤੋਂ ਰਹਿੰਦ-ਖੂਹੰਦ ਥਰਮਲ ਊਰਜਾ ਦੀ ਵਰਤੋਂ ਕਰਦੀ ਹੈ।

**ਟੈਕਨੋਲੋਜੀ:** ਸੂਚਨਾ ਟੈਕਨਾਲੋਜੀ ਸੰਪਤੀਆਂ ਜੋ ਜਨਤਕ ਸੇਵਾਵਾਂ ਦੀ ਸਪੁਰਦਗੀ ਦਾ ਸਮਰਥਨ ਕਰਦੀਆਂ ਹਨ। ਇਸ ਵਿੱਚ ਕੰਪਿਊਟਰ, ਸਾਫਟਵੇਅਰ ਐਪਲੀਕੇਸ਼ਨਾਂ ਅਤੇ ਫਾਈਬਰ ਆਪਟਿਕ ਕੇਬਲ ਸ਼ਾਮਲ ਹਨ।

**ਜਨਤਕ ਸੁਰੱਖਿਆ:** ਇਮਾਰਤਾਂ, ਵਾਹਨ ਅਤੇ ਸਾਜ਼ੋ-ਸਾਮਾਨ ਜੋ ਅੱਗ ਅਤੇ ਬਚਾਅ, ਪੁਲਿਸ ਅਤੇ ਪਸ਼ੂ ਆਸਰਾ ਸੇਵਾਵਾਂ ਦੀ ਡਿਲਿਵਰੀ ਦਾ ਸਮਰਥਨ ਕਰਦੇ ਹਨ।

**ਨਾਗਰਿਕ ਸਹੂਲਤਾਂ ਅਤੇ ਉਪਕਰਨ:** ਪਰ੍ਸ਼ਾਸਕੀ ਸਹੂਲਤਾਂ (ਜਿਵੇਂ ਕਿ ਸਿਟੀ ਹਾਲ) ਅਤੇ ਸਰਵਿਸ ਯਾਰਡ, ਜਿਨਹ੍ਾਂ ਵਿੱਚ ਵਾਹਨਾਂ, ਟਰੱਕਾਂ ਅਤੇ ਉਪਕਰਨਾਂ ਦੀ ਸਟੋਰੇਜ ਸ਼ਾਮਲ ਹੈ, ਜੋ ਬਹੁਤ ਸਾਰੀਆਂ ਜਨਤਕ ਸੇਵਾਵਾਂ ਦੀ ਸਪੁਰਦਗੀ ਵਿੱਚ ਸਹਾਇਤਾ ਕਰਦੇ ਹਨ।

**ਭਾਈਵਾਲੀ-ਅਧਾਰਤ ਪਹਿਲਕਦਮੀਆਂ -** ਸੇਵਾਵਾਂ ਅਤੇ ਪਹਿਲਕਦਮੀਆਂ ਜੋ ਮੁੱਖ ਤੌਰ 'ਤੇ ਸਿਟੀ ਦੀ ਸਿੱਧੀ ਜ਼ਿੰਮੇਵਾਰੀ ਤੋਂ ਬਾਹਰ ਹਨ, ਆਮ ਤੌਰ 'ਤੇ ਭਾਈਵਾਲੀ, ਨੀਤੀ ਸਹਾਇਤਾ, ਜਾਂ ਸਰਕਾਰ ਦੇ ਹੋਰ ਪੱਧਰਾਂ ਦੁਆਰਾ ਪਰ੍ਦਾਨ ਕੀਤੀਆਂ ਜਾਂਦੀਆਂ ਹਨ। ਇਸ ਵਿੱਚ ਇਹਨਾਂ ਚੀਜ਼ਾਂ ਵਿੱਚ ਨਿਵੇਸ਼ ਸ਼ਾਮਲ ਹੈ:

**ਰਿਹਾਇਸ਼:** ਭਾਈਵਾਲੀਆਂ ਅਤੇ/ਜਾਂ ਸਰਕਾਰ ਦੇ ਹੋਰ ਪੱਧਰਾਂ ਨਾਲ ਪਰ੍ਦਾਨ ਕੀਤੀ ਜਾਂਦੀ ਰਿਹਾਇਸ਼। ਇਸ ਵਿੱਚ ਸ਼ੈਲਟਰ, ਸਿੰਗਲ ਰੂਮ ਆਕਿਊਪੈਂਸੀ ਹੋਟਲ (SROs), ਸਹਾਇਕ ਰਿਹਾਇਸ਼, ਗੈਰ-ਮਾਰਕੀਟ ਕਿਰਾਏ ਦੀ ਰਿਹਾਇਸ਼ (ਸਮਾਜਿਕ ਅਤੇ ਸਹਾਇਕ) ਅਤੇ ਮਕਸਦ ਨਾਲ ਬਣਾਈ ਗਈ ਮਾਰਕੀਟ ਰਿਹਾਇਸ਼ ਸ਼ਾਮਲ ਹੈ।

**ਬੱਚਿਆਂ ਦੀ ਦੇਖਭਾਲ:** ਨਵਜਾਤਾਂ, ਰਿੜਹ੍ਨ ਵਾਲੇ ਬੱਚਿਆਂ, ਪਰ੍ੀ-ਸਕੂਲ ਅਤੇ ਸਕੂਲੀ ਉਮਰ ਦੇ ਬੱਚਿਆਂ ਲਈ ਬਾਲ-ਦੇਖਭਾਲ ਸਹੂਲਤਾਂ ਅਤੇ ਸਥਾਨ ਜੋ ਭਾਈਵਾਲੀਆਂ ਅਤੇ/ਜਾਂ ਸਰਕਾਰ ਦੇ ਹੋਰ ਪੱਧਰਾਂ ਦੇ ਨਾਲ ਪਰ੍ਦਾਨ ਕੀਤੇ ਜਾਂਦੇ ਹਨ।

# ਅਸੀਂ 2027-2030 ਕੈਪੀਟਲ ਪਲਾਨ ਬਾਰੇ ਤੁਹਾਡੀ ਰਾਏ ਜਾਨਣਾ ਚਾਹੁੰਦੇ ਹਾਂ

ਆਪਣੀ ਫੀਡਬੈਕ ਦੇ ਕੇ ਅਤੇ ਸਾਡੀ ਸ਼ਮੂਲੀਅਤ ਪਰ੍ਕਿਰਿਆ ਵਿੱਚ ਸ਼ਾਮਲ ਹੋ ਕੇ ਸਿਟੀ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਵਿੱਚ ਨਿਵੇਸ਼ ਲਈ ਤੁਹਾਡੀਆਂ ਤਰਜੀਹਾਂ ਨੂੰ ਸਮਝਣ ਵਿੱਚ ਸਾਡੀ ਮਦਦ ਕਰੋ।

**ਹੁਣ ਤੋਂ 7 ਜੂਨ, 2026 ਤੱਕ, ਤੁਸੀਂ:**

- **shapeyourcity.ca/capital-plan** 'ਤੇ ਜਾ ਕੇ ਸਰਵੇਖਣ ਪੂਰਾ ਕਰੋ
- ਇਸ ਮੌਕੇ ਨੂੰ ਆਪਣੇ ਨੈੱਟਵਰਕਾਂ ਨਾਲ ਸਾਂਝਾ ਕਰੋ
- ਆਪਣੇ ਸਵਾਲ ਜਾਂ ਟਿੱਪਣੀਆਂ ਇਸ ਪਤੇ 'ਤੇ ਈਮੇਲ ਕਰੋ: **capitalplan@vancouver.ca**
- ਜਦੋਂ ਜੁਲਾਈ ਵਿੱਚ ਕੌਂਸਲ ਅੰਤਿਮ ਕੈਪੀਟਲ ਪਲਾਨ ਦੀ ਸਮੀਖਿਆ ਕਰੇਗੀ ਤਾਂ ਬੋਲਣ ਲਈ ਸਾਈਨ-ਅੱਪ ਕਰੋ
- ਮੇਅਰ ਅਤੇ ਕੌਂਸਲ ਨਾਲ ਸਿੱਧਾ **vancouver.ca/contact-council** 'ਤੇ ਸੰਪਰਕ ਕਰੋ

ਤੁਹਾਡੀ ਫੀਡਬੈਕ ਨੂੰ ਸੰਕਲਿਤ ਕੀਤਾ ਜਾਵੇਗਾ ਅਤੇ ਜਨਤਕ ਤੌਰ 'ਤੇ ਰਿਪੋਰਟ ਕੀਤਾ ਜਾਵੇਗਾ ਅਤੇ ਜੁਲਾਈ 2027 ਵਿੱਚ ਕੈਪੀਟਲ ਪਲਾਨ ਦੀ ਅੰਤਮ ਪਰ੍ਵਾਨਗੀ ਤੋਂ ਪਹਿਲਾਂ ਕੌਂਸਲ ਅੱਗੇ ਪੇਸ਼ ਕੀਤਾ ਜਾਵੇਗਾ।

## 2027-2030 ਪੂੰਜੀ ਯੋਜਨਾ (Capital Plan) 'ਤੇ ਆਪਣੇ ਵਿਚਾਰ ਸਾਂਝੇ ਕਰੋ।

ਅਨੁਵਾਦ ਉਪਲਬਧ ਹੋਣਗੇ।

**分享您对《2027–2030 资本计划》的意见。将提供翻译版本。**

**分享您對《2027–2030 資本計劃》的意見。將提供翻譯版本。**

2027-2030 ਪੂੰਜੀ ਯੋਜਨਾ (Capital Plan) ' ਤੇ ਆਪਣੇ ਵਿਚਾਰ ਸਾਂਝੇ ਕਰੋ।
ਅਨੁਵਾਦ ਉਪਲਬਧ ਹੋਣਗੇ।

**Comparta su opinión sobre el Plan de Capital 2027-2030.
Habrá traducciones disponibles.**

**Ibahagi ang mga nasasaisip mo tungkol sa 2027-2030 Capital Plan.
May makukuhang mga pagsasalin.**

**Hãy chia sẻ suy nghĩ của quý vị về Kế hoạch Nguồn vốn 2027-2030.
Bản dịch sẽ được cung cấp.**


©2026 City of Vancouver | 26-155